ਹੋਣ ਕਾਰਣ ਖਾਲੀ ਮੁੜ ਜਾਂਦੇ ਹਨ ।" ਜਿਸ ਸਮੇਂ ਇਹ ਗੱਲਾਂ ਹੋ ਰਹੀਆਂ ਸਨ ਤਾਂ ਇਹ ਗੱਲ ਰਾਣੀ ਨੰਦਾ ਦੀ ਦਾਸੀ ਵਿਜੇ ਨੇ ਸੁਣ ਲਈ ।

ਦਾਸੀ ਨੇ ਇਹ ਗੱਲ ਮਹਾਰਾਣੀ ਮਿਰਗਾਵਤੀ ਨੂੰ ਦੱਸੀ, ਜੋ ਰਾਜਾ ਸ਼ਤਾਨੀਕ ਦੀ ਪਤਨੀ ਸੀ ।ਮਹਾਰਾਜੇ ਨੇ ਮਹਾਰਾਣੀ ਨੂੰ ਭਰੋਸਾ ਦਿਵਾਇਆ ਕਿ ਮੈਂ ਭਗਵਾਨ ਦੀ ਪ੍ਰਤਿਗਿਆ ਦਾ ਪਤਾ ਕਰਨ ਦੀ ਕੋਸ਼ਿਸ਼ ਕਰਾਂਗਾ ।"

ਇਸ ਤਰ੍ਹਾਂ ਪੰਜ ਮਹੀਨੇ ਪੂਰੇ ਹੋ ਗਏ ।ਪੰਜ ਮਹੀਨੇ ਪੂਰੇ ਹੋਣ ਤੇ ਦਾਸੀ ਚੰਦਨਾ ਨੇ ਭਗਵਾਨ ਮਹਾਵੀਰ ਦਾ ਵਰਤ ਖੁਲਵਾਇਆ ।ਚੰਦਨਾ ਇਕ ਰਾਜਕੁਮਾਰੀ ਸੀ ਜਿਸ ਨੇ ਇਸੇ ਸ਼ਹਿਰ ਦੇ ਇਕ ਸੇਠ ਨੇ ਮੁਲ ਖਰੀਦਿਆ ਸੀ । ਰਾਜਕੁਮਾਰੀ ਚੰਦਨਾ ਹੋਣ ਕਾਰਣ ਕਾਫੀ ਗੁਣਵਾਨ ਅਤੇ ਸੁੰਦਰ ਸੀ ।ਇਸ ਦੇ ਸਿਟੇ ਵਜੋਂ ਸੇਠ ਦੀ ਪਤਨੀ ਮੂਲਾਂ ਚੰਦਨਾ ਤੋਂ ਜਲਨ ਮਹਿਸੂਸ ਕਰਦੀ ਸੀ ।

ਇਕ ਦਿਨ ਸੇਠ ਬਾਹਰ ਕੰਮ ਤੋਂ ਵਾਪਸ ਆਇਆ ।ਚੰਦਨਾ ਸੇਠ ਨੂੰ ਪਿਤਾ ਦੇ ਬਰਾਬਰ ਸਮਝਦੀ ਸੀ । ਉਹ ਸੇਠ ਦੇ ਪੈਰ ਧੋਣ ਲੱਗੀ ।ਉਸ ਸਮੇਂ ਚੰਦਨਾ ਦੇ ਵਾਲ ਧੋਏ ਹੋਣ ਕਾਰਨ ਖੁਲੇ ਸਨ ।ਜੋ ਲਟਕ ਰਹੇ ਸਨ ।ਸੇਠ ਨੇ ਉਹ ਵਾਲ ਚੁੱਕ ਕੇ ਆਪਣੇ ਹਥ ਵਿੱਚ ਰੱਖ ਲਏ ।ਸੇਠਾਣੀ ਦਾ ਸ਼ੱਕ ਹੋਰ ਪੱਕਾ ਹੋ ਗਿਆ ।

ਇਕ ਦਿਨ ਸੇਠਾਣੀ ਨੇ ਸੇਠ ਦੀ ਗੈਰ ਹਾਜ਼ਰੀ ਵਿਚ ਚੰਦਨਾ ਦਾ ਸਿਰ ਮੁਨਵਾ ਦਿਤਾ । ਉਸ ਦੇ ਪੈਰਾਂ ਵਿਚ ਬੇੜੀਆਂ ਪੁਆ ਕੇ, ਭੋਰੇ ਵਿਚ ਬੰਦ ਕਰ ਦਿੱਤਾ ।ਸੇਠਾਣੀ ਇਹ ਸਾਰਾ ਕੰਮ ਕਰਕੇ ਪੇਕੇ ਚਲੀ ਗਈ ।ਤਿੰਨ ਦਿਨ ਚੰਦਨਾ ਭੋਰੇ ਵਿੱਚ ਬੰਦ ਰਹੀ । ਚੌਥੇ ਦਿਨ ਸੇਠ ਆ ਗਿਆ ।ਉਸਨੂੰ ਚੰਦਨਾ ਨਾ ਮਿਲੀ ।ਉਸ ਨੇ ਭੋਰੇ ਵਿਚ ਭੁਖੀ, ਪਿਆਸੀ ਚੰਦਨਾ ਨੂੰ ਵੇਖਿਆ ।

ਉਸਨੂੰ ਸਾਰੀ ਗੱਲ ਸਮਝ ਆ ਗਈ ।ਉਸਨੇ ਘਰ ਵਿੱਚ ਖਾਣ ਲਈ ਖਾਣਾ ਵੇਖਿਆ ।ਉਸਨੇ ਘੋੜੇ ਲਈ ਉਬਾਲੇ ਛੋਲੇ ਚੰਦਨਾ ਨੂੰ ਖਾਣ ਲਈ ਦਿਤੇ । ਫੇਰ ਉਹ ਲੁਹਾਰ ਨੂੰ ਬੇੜੀ ਕਟਾਉਣ ਲਈ ਚਲਾ ਗਿਆ ।ਚੰਦਨਾ ਨੇ ਸੋਚਿਆ " ਮੇਰੀ ਧਰਮ ਮਾਤਾ ਕਿੰਨੀ ਚੰਗੀ ਹੈ ।ਉਸ ਦੀ ਕਿਰਪਾ ਨਾਲ ਮੇਰੇ ਤਿੰਨ ਵਰਤ ਹੋ ਗਏ ਹਨ ਮੈਂ ਇਹ ਤਿੰਨ ਵਰਤ ਤੱਦ ਹੀ ਖੋਲਾਂਗੀ, ਜਦ ਕਿਸੇ ਸੁਪਾਤਰ ਨੂੰ ਦਾਨ ਦੇਵਾਂ ।" ਇਹ ਉਸ ਦੇ ਸ਼ੁਭ ਭਾਵਾਂ ਦਾ ਸਿੱਟਾ ਸੀ ਕਿ ਉਸਨੂੰ ਭਗਵਾਨ ਮਹਾਵੀਰ ਦੇ ਦਰਸ਼ਨ ਹੋਏ । ਭਗਵਾਨ ਮਹਾਵੀਰ ਦੀਆਂ ਸਭ ਪ੍ਰਤੀਗਿਆਵਾਂ ਪੂਰੀਆਂ ਹੋ ਗਈਆਂ ।ਚੰਦਨਾ ਨੇ ਜਿਉ ਹੀ ਦਾਨ ਲਈ ਹੱਥ ਵਧਾਇਆ ਸਾਰੀਆਂ ਬੇੜੀਆਂ ਟੁੱਟ ਗਈਆਂ ।ਬਾਲ ਨਵੇਂ ਆ ਗਏ ।ਉਹ ਫੇਰ ਸ਼ਹਿਜਾਦੀ ਬਣ ਗਈ ।

ਇਥੋਂ ਭਗਵਾਨ ਮਹਾਵੀਰ ਸੁਮੰਗਲਾ, ਸੁਛੇਤਾ, ਪਾਲਕ ਹੁੰਦੇ ਹੋਏ ਚੰਪਾ ਵਿਖੇ ਚੌਮਾਸੇ ਲਈ ਸਵਾਤੀਦੱਤ ਦੀ ਯੱਗ ਸ਼ਾਲਾ ਵਿਚ ਠਹਿਰੇ ।ਉਸ ਦੇ ਆਤਮਾ ਸਬੰਧੀ ਪੁਛੇ ਕਈ ਪ੍ਰਸ਼ਨਾਂ ਦਾ ਉੱਤਰ ਦਿੱਤਾ ।

## ਤੇਰ੍ਹਵਾਂ ਸਾਲ–

ਚੰਪਾ ਨਗਰੀ ਵਿਖੇ ਹੀ ਮਨਭਿੱਦਰ ਅਤੇ ਪੂਰਨ ਭੱਦਰ ਨਾਂ ਦੇ ਦੋ ਯਕਸ਼ਾਂ ਨੇ ਆਪ ਦੀ ਪੂਜਾ ਕੀਤੀ । ਚੰਪਾ ਤੋਂ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਜੰਭੀਆ ਗ੍ਰਾਮ ਪਹੁੰਚੇ । ਜੰਭੀਆਂ ਤੋਂ ਮੈਂਡੀਆ ਗ੍ਰਾਮ ਹੁੰਦੇ ਹੋਏ ਛਮਾਣੀ ਪੁਜੇ । ਉਨ੍ਹਾਂ ਪਿੰਡ ਤੋਂ ਬਾਹਰ ਧਿਆਨ ਲਗਾਇਆ ।

ਇਥੇ ਇਕ ਗਵਾਲਾ ਆਪ ਪਾਸ ਬਲਦ ਛੱਡ ਕੇ ਚਲਾ ਗਿਆ । ਜਦ ਵਾਪਸੀ ਤੇ ਉਸਨੂੰ ਬਲਦ ਨਾ ਮਿਲੇ, ਤਾਂ ਉਹ ਬਲਦਾਂ ਦੀ ਤਲਾਸ਼ ਕਰਨ ਲਗਾ । ਸ਼ਾਮ ਹੋ ਗਈ ਗਵਾਲਾ ਵਾਪਸ ਉਸੇ ਥਾਂ ਤੇ ਪਰਤ ਗਿਆ । ਜਿਥੇ ਭਗਵਾਨ ਮਹਾਵੀਰ ਖੜੇ ਸਨ ਵਾਪਸ ਪਰਤ ਕੇ ਉਸਨੇ ਵੇਖਿਆ ਉਸਦੇ ਬਲਦ ਪਹਿਲਾਂ ਵਾਲੀ ਥਾਂ ਤੇ ਬੈਠੇ ਸਨ ਗਵਾਲੇ ਨੇ ਭਗਵਾਨ ਮਹਾਵੀਰ ਨੂੰ ਚੋਰ ਸਮਝ ਲਿਆ । ਉਹ ਗੁਸੇ ਵਿਚ ਪਾਗਲ ਹੋ ਗਿਆ । ਉਸਨੇ ਭਗਵਾਨ ਮਹਾਵੀਰ ਦੇ ਦੋਹਾਂ ਕੰਨਾਂ ਵਿਚ ਕੀਲੇ ਠੋਕ ਦਿਤੇ ।

ਛਮਾਣੀ ਤੋਂ ਚੱਲ ਕੇ ਭਗਵਾਨ ਮਹਾਵੀਰ ਮਧਿਅਮ ਪਾਵਾ ਪਧਾਰੇ । ਉਥੇ ਸਿਧਾਰਥ ਨਾਂ ਦੇ ਬਾਣੀਏ ਦੇ ਘਰ ਭਿਖਿਆ ਨੂੰ ਗਏ । ਸਿਧਾਰਥ ਖਰਕ ਨਾਂ ਦੇ ਵੈਦ ਨਾਲ ਗੱਲਾਂ ਕਰ ਰਿਹਾ ਸੀ । ਉਸਨੇ ਭਗਵਾਨ ਮਹਾਵੀਰ ਦੇ ਕੰਨਾਂ ਵਿਚ ਕੀਲੇ ਠੋਕੇ ਵੇਖੇ । ਉਸਨੇ ਖਰਕ ਵੈਦ ਨੂੰ ਭਗਵਾਨ ਮਹਾਵੀਰ ਦਾ ਇਲਾਜ ਕਰਨ ਲਈ ਤਿਆਰ ਕੀਤਾ । ਪਰ ਭਗਵਾਨ ਮਹਾਵੀਰ ਇਲਾਜ ਨੂੰ ਤਿਆਰ ਨਾ ਹੋਏ । ਉਹ ਉਥੋਂ ਅੱਗੇ ਚਲ ਪਏ ।

ਸਿਧਾਰਥ ਭਗਵਾਨ ਮਹਾਵੀਰ ਦਾ ਪੱਕਾ ਭਗਤ ਸੀ । ਉਹ ਭਗਵਾਨ ਦੀ ਸ਼ਰੀਰਕ ਪੀੜਾ ਸਹਿਨ ਨਹੀਂ ਕਰ ਸਕਦਾ ਸੀ । ਉਸਨੇ ਭਗਵਾਨ ਮਹਾਵੀਰ ਦਾ ਪਿੱਛਾ ਕੀਤਾ । ਕੁਝ ਆਦਮੀਆਂ ਦੀ ਮਦਦ ਨਾਲ ਉਸਨੇ ਭਗਵਾਨ ਦੇ ਕੰਨਾਂ ਵਿਚੋਂ ਕੀਲੇ ਕਢ ਦਿਤੇ । ਇਸ ਕ੍ਰਿਆ ਦੌਰਾਨ ਭਗਵਾਨ ਮਹਾਵੀਰ ਨੇ ਭਿਆਨਕ ਚੀਖ ਮਾਰੀ ।

ਇਸ ਤਰ੍ਹਾਂ ਅਨੇਕਾਂ ਕਸ਼ਟ ਮੁਸੀਬਤਾਂ ਨੂੰ ਪਾਰ ਕਰਦੇ ਹੋਏ ਤੱਪ, ਧਿਆਨ ਨਾਲ ਆਤਮਾ ਨੂੰ ਨਿਰਮਲ ਕਰਦੇ ਹੋਏ ਭਗਵਾਨ ਮਹਾਵੀਰ ਦੇ ਸਾਢੇ ਬਾਰਾਂ ਸਾਲ ਬੀਤ ਗਏ । ਇਸ ਸਮੇਂ ਉਨ੍ਹਾਂ ਨੇ ਕਰੋਧ, ਮਾਨ, ਮਾਇਆ ਅਤੇ ਲੋਭ ਕਸ਼ਾਏ ਆਦਿ ਤੇ ਕਾਬੂ ਪਾ ਲਿਆ।

ਇਸ ਤੱਪਸਿਆ ਦੌਰਾਨ ਉਨ੍ਹਾਂ ਨੇ 349 ਦਿਨ ਭੋਜਨ ਕੀਤਾ । ਇਸ ਪ੍ਰਕਾਰ ਘੁੰਮਦੇ ਹੋਏ ਆਪ ਜੰਭੀਆ ਗ੍ਰਾਮ ਵਿਖੇ ਪਹੁੰਚੇ । ਉਥੇ ਰਿਜੂਵਾਲਕਾ ਨਦੀ ਦੇ ਕਿਨਾਰੇ ਸਾਲ ਦਰਖਤ ਹੇਠਾਂ, ਗੋਦੂਹੀਕਾ ਆਸਨ ਨਾਲ ਧਿਆਨ ਲਗਾਇਆ । ਆਤਮ ਪਵਿੱਤਰ ਤੋਂ ਪਵਿੱਤਰ ਹੁੰਦੀ ਸ਼ੁਕਲ ਧਿਆਨ ਵੱਲ ਵੱਧਣ ਲਗੀ । ਭਗਵਾਨ ਮਹਾਵੀਰ ਦੇ ਜਨਮ ਮਰਨ ਦੇ ਚੱਕਰ ਵਿਚ ਪਾਉਣ ਵਾਲੇ ਪਹਿਲੇ ਚਾਰ ਕਰਮਾਂ ਦਾ ਖਾਤਮਾ ਕਰ ਦਿਤਾ । ਉਨ੍ਹਾਂ ਨੂੰ " ਕੇਵਲ ਗਿਆਨ " ਪ੍ਰਾਪਤ ਹੋ ਗਿਆ । ਉਹ ਸਰਵੱਗ, ਸਰਵਦਰਸ਼ੀ, ਅਰਿਹੰਤ, ਕੇਵਲੀ



ਗੋਦੁਹਾਸਨ ਵਿਚ ਬੈਠਕੇ ਤਪਸਿਆ ਅਤੇ ਕੇਵਲ ਗਿਆਨ ਦੀ ਪ੍ਰਾਪਤੀ

ਅਤੇ ਭਗਵਾਨ ਬਣ ਗਏ । ਸਿਟੇ ਵਜੋਂ ਦੇਵਤੇ, ਪਸ਼ੂ, ਮਨੁੱਖ ਉਨ੍ਹਾਂ ਦੀ ਉਪਾਸਨਾ ਕਰਨ ਲਗੇ । ਇਸ ਖੇਤ ਦਾ ਮਾਲਿਕ ਸਿਆਮ ਨਾਂ ਦਾ ਕਿਰਸਾਨ ਸੀ ।

ਇਹ ਭਾਗਾਂ ਵਾਲਾ ਦਿਨ ਵੈਸਾਖ ਸ਼ੁਕਲਾ 10 ਦਾ ਚੌਥਾ ਪਹਿਰ ਸੀ ਅਤੇ ਉੱਤਰ ਫਲਗੁਨੀ ਨੱਛਤਰ ਸੀ । ਹੁਣ ਭਗਵਾਨ ਲੋਕ ਪ੍ਰਲੋਕ ਦੇ ਜੀਵਾਂ ਦੇ ਭੂਤ, ਭਵਿੱਖ ਅਤੇ ਵਰਤਮਾਨ, ਸੂਖਮ ਸਥੂਲ, ਮੂਰਤ, ਅਮੂਰਤ, ਜੀਵ ਅਤੇ ਅਜੀਵ ਦੇ ਜਾਨਕਾਰ ਹੋ ਗਏ ਸਨ। ਇਹ ਗਿਆਨ ਇੰਦਰੀਆਂ ਤੇ ਮਨ ਦੀ ਪਕੜ ਤੋਂ ਪਰੇ ਸੀ । ਹੁਣ ਉਨ੍ਹਾਂ ਦੀ ਆਤਮਾ ਦੀ ਅੰਤਮ ਉਦੇਸ਼ ਨਿਵਾਰਨ ਦੀ ਯਾਤਰਾ ਸ਼ੁਰੂ ਹੋ ਗਈ ਸੀ । ਅਗੇ ਦਾ ਕਰਮ ਬੰਧਨ ਹਮੇਸ਼ਾਂ ਲਈ ਰੁਕ ਗਿਆ । ਸ੍ਰੀ ਆਚਾਰੰਗ ਸੂਤਰ ਵਿਚ ਭਗਵਾਨ ਮਹਾਵੀਰ ਦੇ ਸਾਢੇ ਬਾਰ੍ਹਾਂ ਸਾਲ

ਦੀ ਤਪੱਸਿਆ ਦਾ ਅਨੋਖਾ ਤੇ ਦਿਲ ਹਿਲਾਉਣ ਵਾਲਾ ਵਰਨਣ ਮਿਲਦਾ ਹੈ । ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਤਪੱਸਿਆ ਸਮੇਂ ਭਗਵਾਨ ਮਹਾਵੀਰ ਨਾ ਤੇ ਆਪਣੇ ਲਈ ਬਣਾਇਆ ਭੋਜਨ ਲੈਂਦੇ, ਨਾ ਹੀ ਗ੍ਰਹਿਸਥ ਦੇ ਭਾਂਡੇ ਵਿਚ ਭੋਜਨ ਲੈਂਦੇ ਸਨ । ਉਹ ਰਸ-ਰਹਿਤ ਭੋਜਨ ਕਰਦੇ ਸਨ । ਉਨ੍ਹਾਂ ਦਾ ਆਪਣੀ ਜੀਭ ਤੇ ਪੂਰਾ ਕਾਬੂ ਸੀ । ਭਗਵਾਨ ਮਹਾਵੀਰ ਕਿਸੇ ਵੀ ਅਜਿਹੀ ਜਗ੍ਹਾ ਤੋਂ ਭੋਜਨ ਨਹੀਂ ਲੈਂਦੇ ਸਨ ਜਿਥੇ ਵਿਆਹ ਅਤੇ ਮਰਨ ਆਦਿ ਕਾਰਣ ਬਹੁਤ ਸਾਰੇ ਲੋਕਾਂ ਵਿਚ ਭੋਜਨ ਬਣਾਇਆ ਗਿਆ ਹੋਵੇ ।

ਭਗਵਾਨ ਮਹਾਵੀਰ ਸਰੀਰ ਦੀ ਕੋਈ ਪਰਵਾਹ ਨਾ ਕਰਦੇ । ਸਗੋਂ ਆਤਮ ਸਾਧਨਾ ਵਿੱਚ ਲੀਨ ਰਹਿੰਦੇ । ਉਹ ਨਾ ਖਾਜ ਕਰਦੇ ਨਾ ਅੱਖ ਸਾਫ ਕਰਦੇ । ਉਹ ਨੰਗੇ ਹੀ ਘੁੰਮਦੇ ਸਨ । ਉਨ੍ਹਾਂ ਦਾ ਆਪਣੀ ਨਜ਼ਰ ਤੇ ਪੂਰਾ ਕਾਬੂ ਸੀ । ਚਲਨ ਸਮੇਂ ਨਾ ਉਹ ਇਧਰ ਉਧਰ ਵੇਖਦੇ ਸਨ, ਨਾ ਹੀ ਪਿਛੇ ਵੇਖਦੇ । ਬੁਲਾਉਣ ਤੇ ਵੀ ਨਾ ਬੋਲਦੇ, ਸਿਰਫ ਚਲੇ ਹੀ ਜਾਂਦੇ ਸਨ ।

ਰਾਹ ਵਿਚ ਉਹ ਕਪੜੇ ਦੇ ਕਾਰਖਾਨਿਆਂ, ਉਜਾੜਾਂ, ਝੌਂਪੜੀਆਂ, ਪਿਆਉਆਂ, ਦੁਕਾਨਾਂ, ਲੋਹੇ ਦੇ ਕਾਰਖਾਨੇ, ਧਰਮਸ਼ਾਲਾ, ਸ਼ਮਸ਼ਾਨ ਘਾਟ, ਦਰਖਤਾਂ ਥਲੇ ਠਹਿਰ ਕੇ ਧਿਆਨ ਲਗਾਉਂਦੇ ।

ਭਗਵਾਨ ਮਹਾਵੀਰ ਨੇ ਸ਼ਰੀਰ ਤੋਂ ਛੁੱਟ, ਨੀਂਦ ਤੇ ਵੀ ਜਿੱਤ ਹਾਸਲ ਕਰ ਲਈ ਸੀ । ਉਨ੍ਹਾਂ ਸਾਢੇ ਬਾਰਾਂ ਸਾਲ ਵਿਚ ਸਿਰਫ ਇਕ ਮੁਹੂਰਤ ਨੀਂਦ ਲਈ । ਉਹ ਦਿਨ-ਰਾਤ ਖੜੇ ਰਹਿ ਕੇ ਗੁਜਾਰਦੇ । ਆਰਾਮ ਲਈ ਜੇ ਸਹਾਰਾ ਲੈਂਦੇ ਤਾਂ ਵੀ ਕਦੇ ਨਾ ਸੌਂਦੇ । ਜੇ ਨੀਂਦ ਸਤਾਉਣ ਲਗਦੀ, ਭਗਵਾਨ ਮਹਾਵੀਰ ਦੁਬਾਰਾ ਖੜੇ ਹੋ ਕੇ ਧਿਆਨ ਲਗਾਉਣ ਲੱਗ ਜਾਂਦੇ। ਕਦੇ ਕਦੇ ਸਰਦੀ ਦੀਆਂ ਰਾਤਾਂ ਵਿਚ ਖੁਲੇ ਧਿਆਨ ਲਗਾਉਂਦੇ । ਉਹ ਸਰਦੀ ਵਿੱਚ ਹੱਥ ਵੀ ਖੁਲੇ ਛੱਡ ਕੇ ਚਲਦੇ ।

ਕੱਟਣ ਵਾਲੇ ਕੀੜੇ ਭਗਵਾਨ ਮਹਾਵੀਰ ਨੂੰ 4 ਮਹੀਨੇ ਕੱਟਦੇ ਰਹੇ । ਭਗਵਾਨ ਦਾ ਲਹੂ ਚੂਸਦੇ ਰਹੇ, ਮਾਸ ਖਾਂਦੇ ਰਹੇ । ਪਰ ਭਗਵਾਨ ਮਹਾਵੀਰ ਆਪਣੇ ਧਿਆਨ ਅਤੇ ਸਾਧਨਾ ਵਿੱਚ ਅਡੋਲ ਰਹੇ ।

ਭਗਵਾਨ ਮਹਾਵੀਰ ਅਸਹਿ ਕਸ਼ਟਾਂ ਨੂੰ ਸਹਿੰਦੇ, ਉਹ ਗੀਤ, ਨਾਚ ਨਹੀਂ ਵੇਖਦੇ ਸਨ । ਉਹ ਕਿਸੇ ਵੀ ਪ੍ਰਕਾਰ ਦੀਆਂ ਸੰਸਾਰਿਕ ਕਿਸੇ ਕਹਾਣੀਆਂ ਨੂੰ ਨਾ ਆਪ ਸੁਣਦੇ ਸਨ ਨਾ ਸੁਣਾਉਂਦੇ ਸਨ ।

ਭਗਵਾਨ ਮਹਾਵੀਰ ਅਕਸਰ ਮੌਨ ਰਹਿੰਦੇ । ਜਿਸ ਦੇ ਸਿਟੇ ਵਜੋਂ ਉਨ੍ਹਾਂ ਨੂੰ ਅਨੇਕਾਂ ਕਸ਼ਟ ਸਹਿਣੇ ਪੈਂਦੇ । ਇੱਕਲੀ ਜਗ੍ਹਾ ਤੇ ਖੜੇ ਲੋਕ ਉਨ੍ਹਾਂ ਨੂੰ ਪੁਛਦੇ " ਤੂੰ ਕੌਣ ਹੈ ? " ਪਰ ਭਗਵਾਨ ਕਦੇ ਕਦੇ ਹੀ ਬੋਲਦੇ । ਸਿਟੇ ਵਜੋਂ ਪਿੰਡ ਦੇ ਚੌਂਕੀਦਾਰ, ਸਿਪਾਹੀ

ਅਤੇ ਦੁਸ਼ਟ ਲੋਕ ਉਨ੍ਹਾਂ ਨੂੰ ਸਤਾਉਂਦੇ । ਲੋਕਾਂ ਦੇ ਜਿਆਦਾ ਪੁੱਛਣ ਤੇ ਉਹ ਇੰਨਾ ਹੀ ਆਖਦੇ ਸਨ " ਮੈਂ ਭਿਕਸ਼ੂ ਹਾਂ । "

ਦੇਵਤੇ, ਪਸ਼ੂ ਅਤੇ ਪੰਛੀਆਂ ਭਗਵਾਨ ਮਹਾਵੀਰ ਨੂੰ ਅਨੇਕਾਂ ਸਰੀਰਕ ਕਸ਼ਟ ਦਿਤੇ ਪਰ ਉਹ ਸਾਰੇ ਕਸ਼ਟ ਵੀ ਭਗਵਾਨ ਮਹਾਵੀਰ ਦਾ ਧਿਆਨ ਛੁੜਾ ਨਾ ਸਕੇ ।

ਸਰਦੀ ਦੀਆਂ ਠੰਡੀਆਂ ਹਵਾਵਾਂ ਵਿਚ ਜਦ ਸਾਰੇ ਲੋਕ ਦਰਵਾਜੇ ਬੰਦ ਕਰਕੇ ਸੌਂ ਜਾਂਦੇ ਸਨ ਅਤੇ ਦੂਸਰੇ ਧਰਮਾਂ ਦੇ ਭਿਕਸ਼ੂ ਵੀ ਯੋਗ ਵਸਤਰ ਪਹਿਨਦੇ ਸਨ । ਉਸ ਸਮੇਂ ਭਗਵਾਨ ਮਹਾਵੀਰ ਇਸ ਸਰਦੀ ਨੂੰ ਬੜੇ ਸ਼ਾਂਤ ਭਾਵ ਨਾਲ ਸਹਿੰਦੇ ਹੋਏ, ਆਪਣਾ ਧਿਆਨ ਜਾਰੀ ਰੱਖਦੇ ।

ਗਰਮੀਆਂ ਦੇ ਮੌਸਮ ਵਿਚ ਉਨ੍ਹਾਂ ਦੇ ਸਰੀਰ ਨੂੰ ਮੱਛਰ ਕੱਟਦੇ, ਪਰ ਉਹ ਸਭ ਸਹਿੰਦੇ, ਉਹ ਸੂਰਜ ਅਗੇ ਬੈਠ ਕੇ ਧੁੱਪ ਸਹਿਨ ਕਰਦੇ ।

ਕਈ ਅਜਿਹੇ ਦੇਸ਼ਾਂ ਵਿਚ ਭਗਵਾਨ ਮਹਾਵੀਰ ਘੁੰਮਦੇ, ਜਿਥੋਂ ਦੇ ਲੋਕ ਸਾਧੂਆਂ ਬਾਰੇ ਕੁਝ ਨਾ ਜਾਣਦੇ । ਇਨ੍ਹਾਂ ਸ਼ਹਿਰਾਂ ਵਿਚ ਭਗਵਾਨ ਮਹਾਵੀਰ ਨੂੰ ਉਹ ਲੋਕ ਕਈ ਪ੍ਰਕਾਰ ਨਾਲ ਤੰਗ ਕਰਦੇ । ਉਹ ਭਗਵਾਨ ਮਹਾਵੀਰ ਨੂੰ ਨੰਗਾ ਵੇਖ ਕੇ ਉਨ੍ਹਾਂ ਪਿਛੇ ਕੁੱਤੇ ਛੱਡ ਦਿੰਦੇ । ਉਸ ਦੇਸ਼ ਦੀਆਂ ਇਸਤਰੀਆਂ ਭਗਵਾਨ ਮਹਾਵੀਰ ਨੂੰ ਕਾਮ-ਭੋਗ ਲਈ ਬੇਨਤੀ ਕਰਦੀਆਂ । ਪਰ ਭਗਵਾਨ ਮਹਾਵੀਰ ਨੇ ਸਭ ਕੁਝ ਦੇਹ ਦੀ ਪ੍ਰਵਾਹ ਨਾ ਕਰਦੇ ਸਹਿਨ ਕੀਤਾ ।

ਭਗਵਾਨ ਮਹਾਵੀਰ ਦਾ ਸੰਜਮ ਅਨੋਖਾ ਸੀ । ਉਹ ਬਿਮਾਰ ਹੋਣ ਤੇ ਕਦੇ ਵੀ ਦਵਾਈ ਦੀ ਇਛਾ ਨਾ ਕਰਦੇ । ਉਹ ਕਿਸੇ ਤਰ੍ਹਾਂ ਦੇ ਹਾਰ-ਸ਼ਿੰਗਾਰ ਵਿਚ ਯਕੀਨ ਨਹੀਂ ਰਖਦੇ ਸਨ । ਭਗਵਾਨ ਮਹਾਵੀਰ ਉਤਕੁਟ, ਗੋਦੋਹੀਕਾ, ਪਦੱਮ ਆਦਿ ਕਈ ਆਸਨਾਂ ਵਿਚ ਬੈਠ ਕੇ ਧਿਆਨ ਕਰਦੇ ਸਨ ਅਤੇ ਉਨ੍ਹਾਂ ਕਸ਼ਾਏ (ਕਰੋਧ, ਮਾਇਆ ਅਤੇ ਲੋਭ) ਨੂੰ ਕਾਬੂ ਕੀਤਾ। ਉਨ੍ਹਾਂ ਕਾਮ ਦੇਵ ਤੇ ਜਿੱਤ ਹਾਸਲ ਕੀਤੀ ਅਤੇ ਉਹ ' ਜਿਨ ' ਦਾ ਭਾਵ ਹੈ ਜੇਤੂ ।

ਭਗਵਾਨ ਮਹਾਵੀਰ ਦੀ ਸਾਢੇ ਬਾਰਾਂ ਸਾਲ ਦੀ ਤੱਪਸਿਆ ਦਾ ਵੇਰਵਾ ਇਸ ਪ੍ਰਕਾਰ ਹੈ :-

| ਲੜੀ ਨੰ. | ਤੱਪਸਿਆ ਦਾ ਸਮਾਂ | ਗਿਣਤੀ | ਦਿਨ | ਵਰਤ ਖੋਲਣ ਦੇ ਦਿਨ |
|---|---|---|---|---|
| 1. | ਪੂਰੇ ਛੇ ਮਹੀਨੇ ਦੀ ਤਪਸਿਆ | 1 | 180 | 1 |
| 2. | 5 ਦਿਨ ਘਟ 6 ਮਹੀਨੇ | 1 | 175 | 1 |
| 3. | 4 ਮਹੀਨੇ ਦੀ ਤੱਪਸਿਆ | 9 | 1080 | 9 |
| 4. | 3 ਮਹੀਨੇ ਦੀ ਤੱਪਸਿਆ | 2 | 180 | 2 |
| 5. | ਸਾਢੇ ਬਾਰਾਂ ਮਹੀਨੇ ਦੀ ਤੱਪਸਿਆ | 2 | 150 | 2 |
| 6. | 2 ਮਹੀਨੇ ਦੀ ਤੱਪਸਿਆ | 6 | 360 | 6 |

| | | | | |
|---|---|---|---|---|
| 7. | ਸਾਢੇ ਬਾਰਾਂ ਮਹੀਨੇ ਦੀ ਤੱਪਸਿਆ | 2 | 90 | 2 |
| 8. | 1 ਮਹੀਨੇ ਦੀ ਤੱਪਸਿਆ | 12 | 260 | 2 |
| 9. | 1/2 ਮਹੀਨੇ ਦੀ ਤੱਪਸਿਆ | 72 | 1080 | 72 |
| 10. | ਅੱਠਮ ਤੱਪ (ਤਿੰਨ ਦਿਨ ਵਰਤ ਅਤੇ ਚੌਥੇ ਦਿਨ ਭੋਜਨ) | 12 | 36 | 12 |
| 11. | ਛੱਠਮ ਤੱਪ (2 ਦਿਨ ਵਰਤ ਤੀਸਰੇ ਦਿਨ ਭੋਜਨ) | 229 | 458 | 229 |
| 12. | ਭੱਦਰ ਤੱਪ (ਦੋ ਦਿਨ ਦਾ ਵਰਤ) | 1 | 2 | 0 |
| 13. | ਮਹਾਭੱਦਰ ਤੱਪ (ਚਾਰ ਦਿਨ ਦਾ ਵਰਤ) | 1 | 4 | 0 |
| 14. | ਸਰਵਤੋਭੱਦਰ ਤੱਪ (ਦਸ ਦਿਨ ਦਾ ਵਰਤ) | 1 | 10 | 1 |
| 15. | ਇਕ ਦੀਖਿਆ ਵਾਲੇ ਦਿਨ ਦਾ ਵਰਤ | 1 | 1 | 0 |
| | | 352 | 4166 | 349 |

## ਸਮੋਸਰਨ

ਕੇਵਲ ਗਿਆਨ ਤੋਂ ਬਾਅਦ ਦੇਵਤਿਆਂ ਨੇ ਆਪਣੀ ਪਰੰਪਰਾ ਅਨੁਸਾਰ ਸਮੋਸਰਨ ਦੀ ਰਚਨਾ ਕੀਤੀ । ਸਮੋਸਰਨ ਉਸ ਸਥਾਨ ਨੂੰ ਆਖਦੇ ਹਨ ਜਿਸ ਥਾਂ ਤੇ ਤੀਰਥੰਕਰ ਬੈਠ ਕੇ ਉਪਦੇਸ਼ ਦਿੰਦੇ ਹਨ । ਇਸ ਸਮੋਸਰਨ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ ।

" ਜਦੋਂ ਦੇਵਤਿਆਂ ਨੂੰ ਭਗਵਾਨ ਮਹਾਵੀਰ ਦੇ ਕੇਵਲ ਗਿਆਨ ਪ੍ਰਾਪਤੀ ਦੀ ਖਬਰ ਲੱਗੀ ਤਾਂ ਸਵਰਗ ਤੋਂ ਇੰਦਰ ਆਦਿ ਦੇਵਤੇ ਪ੍ਰਭੂ ਦਾ ਧਰਮ ਉਪਦੇਸ਼ ਸੁਣਨ ਲਈ ਆਉਣ ਲਗੇ । ਉਨ੍ਹਾਂ ਸ਼ਮੋਸਰਨ (ਧਰਮ ਸਭਾ) ਦੀ ਰਚਨਾ ਕੀਤੀ । ਇਹ ਸਮੋਸਰਨ ਇਕ ਯੋਜਨ (8 ਮੀਲ ਦੇ ਫੈਲਾਵ ਵਿਚ ਫੈਲਿਆ ਹੋਇਆ ਸੀ । ਵਾਯੂ ਕੁਮਾਰ (ਹਵਾ ਦੀ ਜੂਨ ਦੇ ਦੇਵਤੇ) ਦੇਵਤਿਆਂ ਨੇ ਜ਼ਮੀਨ ਨੂੰ ਸਾਫ ਕੀਤਾ । ਮੇਘ ਕੁਮਾਰ (ਬਦਲਾਂ ਦੀ ਜੂਨ ਦੇ ਦੇਵਤੇ) ਦੇਵਤਿਆਂ ਦੇ ਸੁਗੰਧ ਵਾਲੇ ਪਾਣੀ ਨਾਲ ਛਿੜਕਾ ਕੀਤਾ । ਵਿਅੰਤਰ ਦੇਵਤਿਆਂ ਨੇ ਸੋਨੇ, ਮਨੀ ਅਤੇ ਰਤਨਾਂ ਦਾ ਫਰਸ਼ ਬਣਾਇਆ । ਪੰਜ਼ ਰੰਗ ਦੇ ਫੁੱਲ ਵਿਛਾਏ । ਰਤਨ, ਮਨੀ ਅਤੇ ਮੋਤੀਆਂ ਨਾਲ ਚਾਰੋਂ ਪਾਸੇ ਝੰਡੀਆਂ ਦਾ ਸ਼ਿੰਗਾਰ ਕੀਤਾ । ਰਤਨਾ ਦੀਆਂ ਅੱਖਾਂ ਬਣਾਈਆਂ, ਜੋ ਕਿਨਾਰਿਆਂ ਤੇ ਬੜੀ ਸੁੰਦਰਤਾ ਨਾਲ ਸਜਾਈਆਂ ਜਾਂਦੀਆਂ ਸਨ । ਇਨ੍ਹਾਂ ਅੱਖਾਂ ਦੇ ਪਰਛਾਵੇਂ ਇਕ ਦੂਸਰੀ ਤੇ ਪੈ ਰਹੇ ਸਨ । ਸਫੇਦ ਛੱਤਰ ਝੂਲ ਰਹੇ ਸਨ । ਉਨ੍ਹਾਂ ਝੰਡੀਆਂ ਦੇ ਹੇਠਾਂ ਅਸ਼ਟ ਮੰਗਲ ਬਣਾਏ ਗਏ । ਸਮੋਸਰਨ ਦੇ ਉਪਰਲੇ ਹਿਸੇ ਦੀ ਰਚਨਾ ਵੈਮਾਨਿਕ ਦੇਵਾਂ ਨੇ ਕੀਤੀ । ਇਹ ਰਤਨਾਂ ਦਾ ਬਣਿਆ ਹੋਇਆ ਸੀ । ਇਸ ਸਮੋਸਰਨ ਦੇ ਦੂਸਰੇ ਕੋਟ (ਕਿਲੇ) ਦੀ ਰਚਨਾ ਜੋਤਸ਼ੀ ਦੇਵਤਾ ਨੇ ਕੀਤੀ । ਇਹ ਕੋਟ ਸੋਨੇ ਦਾ ਬਣਿਆ ਹੋਇਆ ਸੀ । ਇਸ ਤੇ ਰਤਨਾਂ ਨਾਲ ਨਾਲ ਸੁੰਦਰ ਚਿੱਤਰਕਾਰੀ ਕੀਤੀ ਗਈ ਸੀ । ਇਨ੍ਹਾਂ ਦੋਹਾਂ ਕੋਟਾਂ ਨਾਲ ਘਿਰਿਆ ਤੀਸਰਾ ਕੋਟ ਸੀ ਇਸ ਤੇ ਸੋਨੇ ਦੀ ਚਿੱਤਰਕਾਰੀ ਸੀ ।

ਹਰ ਕੋ[redacted]ਦੇ ਚਾਰ-ਚਾਰ ਦਰਵਾਜ਼ੇ ਸਨ । ਹਰ ਦਰਵਾਜ਼ੇ ਤੇ ਵਿਅੰਤਰ ਦੇਵਤਿਆਂ ਨੇ ਧੂਪ ਰਖੀ ਹੋਈ ਸੀ । ਸਮੋਸ਼ਰਨ ਦੇ ਹਰ ਦਰਵਾਜੇ ਵਾਲੇ ਪਾਸੇ ਚਾਰ ਚਾਰ ਰਸਤੇ ਵਾਲੇ ਸੁਨਿਹਰੀ ਕਮਲਾਂ ਨਾਲ ਭਰੇ ਤਲਾਬ ਸਨ ।

ਦੂਸਰੇ ਕੋਟ ਦੇ ਇਸ਼ਾਣ ਕੋਣ (ਪੂਰਵ-ਉੱਤਰ) ਹਿਸੇ ਭਗਵਾਨ ਮਹਾਵੀਰ ਲਈ ਆਰਾਮ ਘਰ ਬਣਾਇਆ । ਪਹਿਲੇ ਕੋਟ ਦੇ ਪੂਰਵੀ ਦਰਵਾਜ਼ਿਆਂ ਤੇ ਦੋ ਵੈਮਾਨਿਕ ਦੇਵ ਸੇਵਾ ਵਿਚ ਖੜੇ ਸਨ । ਦਖਣੀ ਦਰਵਾਜੇ ਵਲੋਂ ਦੋ ਵਿਅੰਤਰ ਦੇਵ ਖੜੇ ਸਨ । ਪੱਛਮੀ ਦਰਵਾਜੇ ਵਲ ਦੋ ਜੋਤਸ਼ੀ ਦੇਵ ਖੜੇ ਸਨ । ਉੱਤਰ ਵੱਲ ਦੋ ਭਵਨਪਤੀ ਦੇਵ ਦਰਵਾਜੇ ਵੱਲ ਖੜੇ ਸਨ ।

ਦੂਸਰੇ ਕੋਟ ਦੇ ਚਾਰੋਂ ਦਰਵਾਜਿਆਂ ਵੱਲ, ਜੈ, ਵਿਜੈ, ਅਜੀਤਾ ਤੇ ਅਪਾਰਾਜੀਤਾ ਨਾਂ ਦੀਆਂ ਦੇਵੀਆਂ ਆਪਣੇ ਦੋ-ਦੋ ਰੂਪ ਬਣਾ ਕੇ ਪਹਿਰਾ ਦੇ ਰਹੀਆਂ ਸਨ ।

ਆਖਰੀ ਕੋਟ ਦੇ ਚਾਰੋਂ ਦਰਵਾਜਿਆਂ ਤੇ ਤੁੰਬਰੁ ਮਨੁੱਖ ਮਹੱਤਰ ਮਲਾਪਹਰੀ ਤੇ ਜਟਾਂ ਮੁਕਟ ਮੰਡਤ ਨਾਂ ਦੇ ਦੇਵਤੇ ਆਪਣੇ ਦੋ-ਦੋ ਰੂਪਾਂ ਵਿਚ ਪਹਿਰਾ ਦੇ ਰਹੇ ਸਨ । ਇਸ ਕੋਟ ਦੇ ਦਰਮਿਆਨ ਵਿਚ ਵਿਅੰਤਰ ਦੇਵਤਿਆਂ ਨੇ ਤਿੰਨ ਕੋਹ ਉਚਾ ਇਕ ਅਸ਼ੋਕ (ਚੇਤਯ) ਦਰਖਤ ਬਣਾਇਆ । ਉਹ ਦਰਖਤ ਦੇ ਹੇਠਾਂ ਭਿੰਨ-ਭਿੰਨ ਰਤਨਾਂ ਮਣੀਆਂ ਨਾਲ ਜੜੇ ਰਤਨ ਸਿੰਘਾਸਨ ਦੀ ਰਚਨਾ ਕੀਤੀ । ਸਮੋਸਰਨ ਦੇ ਚਾਰੋਂ ਦਰਵਾਜੇ ਉਪਰ ਅਨੋਖਾ ਪ੍ਰਕਾਸ਼ਵਾਨ ਧਰਮ ਚੱਕਰ ਸੋਨੇ ਦੇ ਘੜੇ ਤੇ ਰਖਿਆ ।

ਇਸਤੋਂ ਬਾਅਦ ਦੇਵਤਿਆਂ ਰਾਹੀਂ ਰਚੇ ਸੋਨੇ ਦੇ ਸਿੰਘਾਸਨ ਤੇ ਭਗਵਾਨ ਮਹਾਵੀਰ ਜਾਣ ਲਈ ਤਿਆਰ ਹੋਏ, ਤਾਂ ਦੇਵਤਿਆਂ ਨੇ ਹਜਾਰਾਂ ਪੰਖੜੀਆਂ ਵਾਲੇ, ਸੋਨੇ ਦੇ ਕਮਲਾਂ ਦੀ ਰਚਨਾ ਕੀਤੀ । ਭਗਵਾਨ ਮਹਾਵੀਰ ਜਿਉ-ਜਿਉ ਅਗੇ ਵੱਧਦੇ, ਦੇਵਤੇ ਪਹਿਲਾਂ ਕਮਲ ਚੁੱਕ ਲੈਂਦੇ ਅਤੇ ਨਵਾਂ ਕਮਲ ਰੱਖ ਦਿੰਦੇ ।

ਭਗਵਾਨ ਮਹਾਵੀਰ ਨੇ ਪਹਿਲੇ ਤੀਰਥੰਕਰਾਂ ਦੀ ਤਰ੍ਹਾਂ ਪੂਰਵ ਦੇ ਦਰਵਾਜੇ ਤੋਂ ਸਮੋਸਰਨ ਵਿਚ ਪ੍ਰਵੇਸ਼ ਕੀਤਾ । ਪਹਿਲਾਂ ਉਹਨਾਂ ਸਮੁਚੇ ਸ੍ਰੀ ਸੰਘ ਨੂੰ ਨਮਸਕਾਰ ਕੀਤਾ । ਇਸ ਤਰ੍ਹਾਂ ਧਰਮ ਉਪਦੇਸ਼ ਸਮੇਂ ਭਗਵਾਨ ਮਹਾਵੀਰ ਦਾ ਮੂੰਹ ਪੂਰਵ ਵੱਲ ਸੀ । ਫਿਰ ਦੇਵਤਿਆਂ ਨੇ ਭਗਵਾਨ ਮਹਾਵੀਰ ਦੇ ਸਰੀਰ ਦੇ ਤਿੰਨ ਪ੍ਰਤੀਬਿੰਬ ਬਣਾ ਕੇ ਬਾਕੀ ਦਿਸ਼ਾਵਾਂ ਵਿਚ ਸਥਾਪਿਤ ਕਰ ਦਿਤੇ, ਜੋ ਕਿ ਵੇਖਣ ਵਾਲੇ ਨੂੰ ਦੇਵ ਮਾਇਆ ਕਾਰਣ ਅਸਲ ਪ੍ਰਤੀਤ ਹੁੰਦੇ ਸਨ । ਇਸ ਪਿਛੋਂ ਦੇਵਤਿਆਂ ਨੇ ਪ੍ਰਭੂ ਦੇ ਚਹੁੰ ਪਾਸੇ ਘੁੰਮਦੇ, ਆਭਾ ਮੰਡਲ ਦੀ ਰਚਨਾ ਕੀਤੀ । ਕਿਉਕਿ ਕੇਵਲ ਗਿਆਨ ਦਾ ਪ੍ਰਕਾਸ਼ ਇੰਨਾ ਤੇਜ ਸੀ, ਕਿ ਭਗਵਾਨ ਦੇ ਸ਼ਰੀਰ ਦਾ ਕੋਈ ਵੀ ਅੰਗ ਆਮ ਮਨੁੱਖ ਵੇਖ ਨਹੀਂ ਸੀ ਸਕਦਾ । ਇਸ ਆਭਾ ਮੰਡਲ ਦੇ ਸਦਕੇ ਲੋਕਾਂ, ਭਗਵਾਨ ਮਹਾਵੀਰ ਦਾ ਮੁੱਖ ਵੇਖਿਆ । ਇਸ ਆਭਾ ਮੰਡਲ ਦੇ ਪ੍ਰਕਾਸ਼ ਦੇ ਸਾਹਮਣੇ ਸੂਰਜ ਦਾ ਪ੍ਰਕਾਸ਼ ਜੁਗਨੂੰ ਦੇ ਪ੍ਰਕਾਸ਼ ਸਮਾਨ ਸੀ ।

ਵਿਮਾਨ ਪਤਿ ਦੇਵਤਿਆਂ ਦੀਆਂ ਇਸਤਰੀਆਂ ਨੇ ਪੂਰਵ ਦਿਸ਼ਾ ਵਲੋਂ ਪ੍ਰਵੇਸ਼ ਕੀਤਾ । ਤੀਰਥ ਅਤੇ ਤੀਰਥੰਕਰ ਦੀਆਂ ਤਿੰਨ ਪ੍ਰਦਿਖਨਾ ਕਰਕੇ ਖੜ ਗਈਆਂ । ਭੂਵਨ ਪਤਿ ਵਿਅੰਤਰ ਅਤੇ ਜੋਤਸ਼ ਦੇਵਤਿਆਂ ਦੀਆਂ ਇਸਤਰੀਆਂ ਦੱਖਣ ਦਵਾਰ ਰਾਹੀਂ ਆਈਆਂ। ਉਨ੍ਹਾਂ ਵੀ ਤੀਰਥੰਕਰ ਮਹਾਵੀਰ ਅਤੇ ਤੀਰਥ ਦੀ ਤਿੰਨ ਪ੍ਰਦਖਣਾ ਕੀਤੀਆਂ । ਉਹ ਵੀ ਆਪਣੇ ਯੋਗ ਥਾਂ ਤੇ ਖੜ ਗਈਆਂ । ਤੀਰਥੰਕਰ ਦੇ ਸਮੋਸਰਨ ਵਿਚ ਇਸਤਰੀਆਂ ਨੇ ਸ਼ਰਧਾ ਕਾਰਣ, ਖੜਕੇ ਹੀ ਉਪਦੇਸ਼ ਗ੍ਰਹਿਣ ਕੀਤਾ ।

ਵੈਮਾਨਿਕ ਦੇਵਤੇ ਮਨੁੱਖ ਅਤੇ ਇਸਤਰੀਆਂ, ਉੱਤਰ ਦਿਸ਼ਾ ਵਲੋਂ ਆ ਕੇ ਭਗਵਾਨ ਮਹਾਵੀਰ ਤੇ ਤੀਰਥ ਨੂੰ ਨਮਸਕਾਰ ਕਰਦੇ ਸਨ । ਭਗਵਾਨ ਮਹਾਵੀਰ ਦੇ ਸਮੋਸਰਨ ਵਿਚ ਹਰ ਜਾਤੀ ਦਾ ਇਸਤਰੀ, ਪੁਰਸ਼ ਬੇ ਰੋਕ ਟੋਕ ਆ ਸਕਦਾ ਸੀ । ਇਸ ਜਗ੍ਹਾ ਤੋਂ ਆ ਕੇ ਵਿਰੋਧੀ, ਆਪਣਾ ਵੈਰ ਆਪਣੇ ਆਪ ਭੁੱਲ ਜਾਂਦੇ ਸਨ । ਭੈ ਰਹਿਤ ਹੁੰਦੇ ਸਨ । ਪਸ਼ੂ ਪੰਛੀ ਵੀ ਆਪਣੀ ਪ੍ਰੰਪਰਾ ਵਾਲਾ ਵੈਰ ਭੁਲਾ ਕੇ ਪ੍ਰਭੂ ਦਾ ਉਪਦੇਸ਼ ਸੁਣਦੇ ਸਨ । ਪਸ਼ੂ ਪੰਛੀ



ਅੱਠ ਪ੍ਰਤੀਹਾਂਰਯ

ਆਦਿ ਜੀਵ ਜੰਤੂ ਦੂਸਰੇ ਕੋਟ ਵਿਚ ਬੈਠੇ ਸਨ । ਤੀਸਰੇ ਕੋਟ ਵਿਚ ਸਾਰੇ ਦੇਵੀ ਦੇਵਤਿਆਂ ਦੇ ਵਿਮਾਨ ਖੜੇ ਸਨ, ਮਨੁੱਖਾਂ ਦੀਆਂ ਸਵਾਰੀਆਂ, ਰਥ ਆਦਿ ਖੜੇ ਸਨ । ਇਹ ਸਮੋਸ਼ਰਨ ਰਚਨਾ ਦੇਵ ਮਾਇਆ ਹੁੰਦੀ ਹੈ ਜਿਥੇ ਵੀ ਤੀਰਥੰਕਰ ਅਰਿਹੰਤ ਪੁਜਦੇ ਹਨ, ਦੇਵਤੇ ਆਪਣੀ ਭਗਤੀ ਪ੍ਰਗਟਾਉਣ ਲਈ ਮਾਇਆ ਨਾਲ ਸਮੋਸਰਨ ਦੀ ਰਚਨਾ ਕਰਦੇ ਹਨ ।

ਤੀਰਥੰਕਰਾਂ ਅਰਿਹੰਤਾਂ ਦੇ ਸਮੋਸਰਨ ਵਿਚ 8 ਪ੍ਰਤਿਹਾਰਿਆ ਹੁੰਦੇ ਹਨ ।

(1) ਅਸ਼ੋਕ ਦਰਖਤ (2) ਰਤਨ ਜੜਿਤ ਸਿੰਘਾਸਨ (3) ਦੋ ਚਵਰਧਾਰੀ ਇੰਦਰ (4) ਤਿੰਨ ਛੱਤਰ (5) ਫੁਲਾਂ ਦੀ ਵਰਖਾ (6) ਆਭਾ ਮੰਡਲ (7) ਦੇਵਤਿਆਂ ਦਾ ਬਾਜੇ ਆਦਿ ਬਜਾਉਣਾ (8) ਦਿਵਯ ਧਵਨੀ (ਭਗਵਾਨ ਅਰਧ ਮਾਗਧੀ ਵਿਚ ਉਪਦੇਸ਼ ਕਰਦੇ ਹਨ, ਪਰ ਸਭ ਪ੍ਰਕਾਰ ਦੇ ਜੀਵ ਆਪ ਦਾ ਉਪਦੇਸ਼ ਆਪਣੀ ਆਪਣੀ ਭਾਸ਼ਾ ਵਿਚ ਸਮਝ ਲੈਂਦੇ ਹਨ । ) ਇਹ ਪ੍ਰਤਿਹਾਰਿਆ ਤੀਰਥੰਕਰ ਦੇ ਕੇਵਲ ਗਿਆਨ ਸਮੇਂ ਪ੍ਰਗਟ ਹੁੰਦੇ ਹਨ।

## 34 ਅਤਿਸ਼ਯ

ਅਤਿਸ਼ਯ ਤੋਂ ਭਾਵ ਹੈ ਖਾਸ ਜਾਂ ਚਮਤਕਾਰੀ ਗੁਣੋਂ ਤੀਰਥੰਕਰ ਆਤਮਾ ਪਰਮਾਤਮਾ ਦੇ ਰੂਪ ਵਿਚ ਧਰਤੀ ਤੇ ਉਤਰਦੀ ਹੈ ਉਸ ਦੇ ਵਿਚ ਆਮ ਆਤਮਾਵਾਂ ਨਾਲੋਂ ਕੁਝ ਖਾਸ ਗੁਣ ਹੁੰਦੇ ਹਨ । ਉਹਨਾਂ ਨੂੰ ਅਤਿਸ਼ੈ ਆਖਦੇ ਹਨ । ਇਨ੍ਹਾਂ ਦੀ ਗਿਣਤੀ 34 ਹੈ । ਜੋ ਇਸ ਪ੍ਰਕਾਰ ਹਨ ।

## ਜਨਮ ਸਮੇਂ ਪ੍ਰਗਟ ਹੋਣ ਵਾਲੇ ਅਤਿਸ਼ਯ (ਮੂਲ ਅਤਿਸ਼ਯ)

(1) ਸ਼ਰੀਰ ਅਨੰਤ ਸੁੰਦਰ, ਸੁਗੰਧ ਵਾਲਾ, ਰੋਗ ਰਹਿਤ ਮੈਲ ਅਤੇ ਪਸੀਨੇ ਤੋਂ ਰਹਿਤ ਹੁੰਦਾ ਹੈ ।

(2) ਖ਼ੂਨ ਦੁੱਧ ਦੀ ਤਰ੍ਹਾਂ ਚਿਟਾ ਤੇ ਬਦਬੂ ਰਹਿਤ ਹੁੰਦਾ ਹੈ ।

(3) ਉਨ੍ਹਾਂ ਦਾ ਭੋਜਨ ਤੇ ਚਲਣਾ, ਆਮ ਅੱਖਾਂ ਵੇਖ ਨਹੀਂ ਸਕਦੀਆਂ ।

(4) ਉਨ੍ਹਾਂ ਦੇ ਸਾਹਾਂ ਵਿਚੋਂ ਕਮਲ ਦੀ ਸੁਗੰਧ ਆਉਂਦੀ ਹੈ ।

## ਕਰਮ ਅਤੇ ਜਾਤੀ ਅਤਿਸ਼ਯ

ਇਹ ਅਤਿਸ਼ਯ ਕੇਵਲ ਗਿਆਨ ਪੈਦਾ ਹੋਣ ਤੋਂ ਬਾਅਦ ਪ੍ਰਗਟ ਹੁੰਦੇ ਹਨ ।

(5) ਸਮੋਸਰਨ ਇਕ ਯੋਜਨ ਦਾ ਹੁੰਦਾ ਹੈ । ਪਰ ਇਸ ਵਿਚ ਕਰੋੜਾਂ ਹੀ ਮਨੁੱਖ ਦੇਵਤੇ ਅਤੇ ਪਸ਼ੂ ਬਿਨਾਂ ਰੁਕਾਵਟ ਬੈਠ ਸਕਦੇ ਹਨ ।

(6) ਜਿਥੇ ਉਹ ਜਾਂਦੇ ਹਨ ਉਸ ਪਾਸੇ ਦੇ 25 ਯੋਜਨ ਤੱਕ ਕੋਈ ਰੋਗ ਨਹੀਂ ਪੈਦਾ ਹੋ ਸਕਦਾ । ਜੇ ਹੋਵੇਗਾ ਤਾਂ ਪਹੁੰਚਣ ਤੋਂ ਪਹਿਲਾਂ ਨਸ਼ਟ ਹੋ ਜਾਵੇਗਾ ।

(7) ਲੋਕਾਂ ਦਾ ਵੈਰ ਖਤਮ ਹੋ ਜਾਂਦਾ ਹੈ ।

(8) ਲਾ ਇਲਾਜ ਰੋਗ ਨਹੀਂ ਫੈਲਦੇ ।

(9) ਜਿਆਦਾ ਬਾਰਸ਼ ਨਹੀਂ ਹੁੰਦੀ ।

(10) ਵਰਖਾ ਦੀ ਘਾਟ ਵੀ ਨਹੀਂ ਰਹਿੰਦੀ ।

(11) ਅਕਾਲ ਨਹੀਂ ਪੈਂਦਾਂ ।

(12) ਰਾਜੇ ਦਾ ਡਰ ਖਤਮ ਹੋ ਜਾਂਦਾ ਹੈ ।

(13) ਉਨ੍ਹਾਂ ਦੇ ਬਚਨ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਦੇਵਤੇ, ਮੱਨੁਖ ਤੇ ਪਸ਼ੂ ਸਮਝ ਸਕਦੇ ਹਨ ।

(14) ਉਨ੍ਹਾਂ ਦਾ ਉਪਦੇਸ਼ ਇਕ ਯੋਜਨ ਤੱਕ ਆਰਾਮ ਨਾਲ ਸੁਣਿਆ ਜਾ ਸਕਦਾ ਹੈ ।

(15) ਸੂਰਜ ਤੋਂ 12 ਗੁਣਾ ਜਿਆਦਾ ਉਨ੍ਹਾਂ ਦਾ ਆਭਾ ਮੰਡਲ ਤੇਜ ਪ੍ਰਕਾਸ਼ ਵਾਲਾ ਹੁੰਦਾ ਹੈ ।

## ਦੇਵ ਕ੍ਰਿਤ ਅਤਿਸ਼ੇ

(16) ਆਕਾਸ਼ ਵਿਚ ਧਰਮ ਚੱਕਰ ਚਲਦਾ ਹੈ ।

(17) 64 ਸਫੈਦ ਚਵਰ ਇੰਦਰਾਂ ਰਾਹੀਂ ਝਲਾਏ ਜਾਂਦੇ ਹਨ ।

(18) ਰਤਨਾ, ਮਣੀਆਂ ਤੇ ਸੋਨੇ ਦਾ ਸਿੰਘਾਸਨ ਬੈਠਣ ਲਈ ਹੁੰਦਾ ਹੈ ।

## ਬਚਨ ਅਤਿਸ਼ੇ 35 ਗੁਣ

ਬਚਨ 35 ਗੁਣ ਵਾਲੇ ਹੁੰਦੇ ਹਨ | (1) ਸਭ ਜਗ੍ਹਾ ਸਮਝੇ ਜਾ ਸਕਦੇ ਹਨ (2) ਇਕ ਯੋਜਨ ਤੱਕ ਸੁਣਾਈ ਦਿੰਦੇ ਹਨ (3) ਬਚਨ ਪਕੇ ਹੁੰਦੇ ਹਨ (4) ਬੱਦਲ ਦੀ ਤਰ੍ਹਾਂ ਗੰਭੀਰ (5) ਸਪਸ਼ਟ (6) ਸੰਤੋਖ ਜਨਕ (7) ਹਰ ਕੋਈ ਸਮਝਦਾ ਹੈ ਕਿ ਇਹ ਸਭ ਕੁਝ ਮੈਨੂੰ ਕਿਹਾ ਗਿਆ ਹੈ (8) ਗੂੜ੍ਹ ਅਰਥਾਂ ਵਾਲੇ (9) ਆਪਸੀ ਵਿਰੋਧ ਤੋਂ ਰਹਿਤ (10) ਮਹਾਂਪੁਰਸ਼ਾਂ ਯੋਗ (11) ਸ਼ਕ ਰਹਿਤ (12) ਦੋਸ਼ ਰਹਿਤ (13) ਕਠਿਨ ਵਿਸ਼ੇ ਨੂੰ ਆਸਾਨੀ ਨਾਲ ਸਮਝ ਆਉਣ ਵਾਲੇ (14) ਜਿਥੇ ਯੋਗ ਹੋਣ ਉਥੇ ਬੋਲੇ ਜਾ ਸਕਣ (15) 6 ਦਰਵ ਤੇ 9 ਤੱਤਵਾਂ ਦੀਆਂ ਵਿਆਖਿਆ ਕਰਨ ਵਾਲੇ (16) ਅਰਥ ਭਰਪੂਰ (17) ਪਦ ਰਚਨਾ ਵਾਲੇ (18) ਵਿਸ਼ੇ ਅਨੁਸਾਰ ਹੀ ਤੀਰਥੰਕਰ ਉਪਦੇਸ਼ ਕਰਦਾ ਹੈ (19) ਮਿਠੇ (20) ਦੂਸਰੇ ਦੀ ਗਲ ਸਮਝ ਨਾ ਆਏ ਸਗੋਂ ਤੀਰਥੰਕਰ ਦਾ ਉਪਦੇਸ਼ ਸਮਝ ਆਵੇ (21) ਧਰਮ ਤੇ ਅਟਲ ਵਿਸ਼ਵਾਸ਼ ਕਰਵਾਉਣ ਵਾਲੇ (22) ਦੀਵੇ ਸਮਾਨ ਪ੍ਰਕਾਸ਼ਵਾਨ, ਅਰਥ ਵਾਲੇ (23) ਪਰ ਨਿੰਦਾ ਅਤੇ ਆਪਣੀ ਪ੍ਰਸੰਸਾ ਤੋਂ ਰਹਿਤ (24) ਕਰਤਾ, ਕਰਮ, ਕ੍ਰਿਆ ਕਾਲ ਸਹਿਤ (25) ਅਚੰਭੇ ਵਾਲੇ (26) ਅਜਿਹੇ ਬਚਨ ਸੁਣ ਕੇ, ਸੁਨਣ ਵਾਲਾ ਤੀਰਥੰਕਰ ਨੂੰ ਸਰਬ ਗੁਣ ਸਮਝਦਾ ਹੈ । (27) ਧੀਰਜ ਵਾਲੇ (28) ਰੁਕਾਵਟ ਸਹਿਤ (29) ਭਰਮ ਰਹਿਤ (30) ਹਰ ਪਸ਼ੂ, ਦੇਵਤਾ ਅਤੇ ਮੱਨੁਖ ਆਪਣੀ ਆਪਣੀ ਭਾਸ਼ਾ ਵਿਚ ਸਮਝਦਾ ਹੈ (31) ਚੰਗੀ ਬੁਧੀ ਉਤਪੰਨ ਕਰਨ ਵਾਲੇ (32) ਇਕ ਪਦ ਦਾ ਅਰਥ ਅਨੇਕਾਂ ਰੂਪਾਂ ਵਿਚ ਬੋਲਿਆ ਜਾ ਸਕੇ (33) ਹੌਂਸਲੇ ਵਾਲੇ (34) ਤੀਰਥੰਕਰ ਹਰ ਵਾਕ ਵਾਰ ਵਾਰ ਨਹੀਂ ਦੁਹਰਾਉਂਦੇ (35) ਸੁਣਨ ਵਾਲੇ ਨੂੰ ਦੁੱਖ ਨਾ ਹੋਵੇ ।

(19) ਹਰ ਦਿਸ਼ਾ ਵੱਲ ਤਿੰਨ ਤਿੰਨ ਛਤਰ ਭਗਵਾਨ ਦੇ ਸਿਰ ਉਪਰ ਸਜਦੇ ਹਨ ।

(20) ਰਤਨਾਂ ਦੀ ਬਣੀ ਇੰਦਰ ਧਵਜਾ ਭਗਵਾਨ ਦੇ ਅਗੇ ਅਗੇ ਚਲਦੀ ਹੈ ।

(21) ਅਰਿਹੰਤ ਤੀਰਥੰਕਰ ਸੋਨੇ ਦੇ ਕਮਲਾਂ ਤੇ ਚਲਦੇ ਹਨ ਅਤੇ ਜਿਥੇ ਵੀ ਬੈਠਦੇ ਜਾਂ ਖੜਦੇ ਹਨ ਅਸ਼ੋਕ ਦਰਖਤ ਪੈਦਾ ਹੁੰਦਾ ਰਹਿੰਦਾ ਹੈ ।

(22) ਤਿੰਨ ਕੋਣ ਮਣੀ, ਸੋਨੇ ਤੇ ਚਾਂਦੀ ਦੇ ਬਣੇ ਹੁੰਦੇ ਹਨ ।

(23) ਚਾਰੇ ਪਾਸੇ ਤੋਂ ਧਰਮ ਉਪਦੇਸ਼ ਦਿੰਦੇ ਹਨ ਪੂਰਬ ਦਿਸ਼ਾ ਵਲ ਭਗਵਾਨ ਬੈਠਦੇ ਹਨ। ਬਾਕੀ ਦਿਸ਼ਾਵਾਂ ਵਲ ਉਨ੍ਹਾਂ ਦੇ ਪ੍ਰਤੀਬਿੰਬਾਂ ਦੀ ਰਚਨਾ ਵਿਅੰਤਰ ਦੇਵ ਕਰਦੇ ਹਨ ।

(24) ਤੀਰਥੰਕਰ ਅਰਿਹੰਤ ਜਿਥੇ ਬੈਠਦੇ ਹਨ ਦੇਵਤੇ ਉਨ੍ਹਾਂ ਦੇ ਸਰੀਰ ਤੋਂ ਉਚੇ ੧੨ ਗੁਣਾ ਅਸ਼ੋਕ ਦਰਖਤ ਦੀ ਰਚਨਾ ਕਰਦੇ ਹਨ । ਉਹ ਛਤਰ, ਘੰਟਾ ਅਤੇ ਝੰਡੇ ਨਾਲ ਭਰਿਆ ਹੁੰਦਾ ਹੈ ।

(25) ਕੰਡੇ ਉਲਟੇ ਹੋ ਜਾਂਦੇ ਹਨ ।

(26) ਤੀਰਥੰਕਰਾਂ ਦੇ ਸਾਹਮਣੇ ਦੂਸਰੇ ਮਤਾਂ ਦਾ ਵਿਚਾਰਕ ਵੀ ਸਿਰ ਝੁਕਾਉਂਦੇ ਹਨ ।

(27) ਦੂਸਰੇ ਧਰਮਾਂ ਦੇ ਉਪਦੇਸਕ ਵੀ ਅਰਿਹੰਤ ਤੀਰਥੰਕਰ ਦੇ ਪ੍ਰਸ਼ਨਾਂ ਤੋਂ ਹਾਰ ਜਾਂਦੇ ਹਨ ।

(28) ਇਕ ਯੋਜਨ ਤੱਕ ਹਵਾ ਠੀਕ ਚਲਦੀ ਹੈ ।

(29) ਮੋਰ ਆਦਿ ਸ਼ੁਭ ਪੰਛੀ ਪ੍ਰਭ ਦੀ ਪ੍ਰਤਿਕਰਮਾ ਕਰਦੇ ਹਨ ।

(30) ਸੁਗੰਧਿਤ ਜਲ ਦੀ ਵਰਖਾ ਹੁੰਦੀ ਹੈ ।

(31) ਜਮੀਨ ਅਤੇ ਪਾਣੀ ਵਿਚ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਹੁੰਦੀ ਹੈ ।

(32) ਸਰੀਰ ਦੇ ਬਾਲ ਦੀਖਿਆ ਲੈਣ ਸਮੇਂ ਦੇ ਹੀ ਰਹਿੰਦੇ ਹਨ ਵਧਦੇ ਘਟਦੇ ਨਹੀਂ ।

(33) ਘਟੋ ਘਟ ਚਾਰੇ ਕਿਸਮਾਂ 1 ਕਰੋੜ ਦੇਵਤੇ ਸੇਵਾ ਵਿਚ ਹਾਜਰ ਰਹਿੰਦੇ ਹਨ ।

(34) ਸਭ ਮੌਸਮ ਠੀਕ ਰਹਿੰਦਾ ਹੈ ।

ਸਾਧਾਰਣ ਕੇਵਲ ਗਿਆਨੀਆਂ ਨੂੰ ਇਹ ਸਭ ਕੁਝ ਪ੍ਰਾਪਤ ਨਹੀ ਹੁੰਦਾ । ਬਾਕੀ ਕੇਵਲ ਗਿਆਨ ਤੇ ਮੁਕਤੀ ਪਖੋਂ ਸਾਧਾਰਣ ਕੇਵਲੀ ਅਤੇ ਤੀਰਥੰਕਰਾਂ ਵਿਚ ਕੋਈ ਅੰਤਰ ਨਹੀਂ । ਇਹ ਸਭ ਕੁਝ ਤੀਰਥੰਕਰ ਗੋਤਰ ਸਦਕਾ ਤੀਰਥੰਕਰਾਂ ਨੂੰ ਪ੍ਰਾਪਤ ਹੁੰਦਾ ਹੈ ।